# ਸਬਕੁਟੇਨੀਅਸ ਕੈਨੂਲਾ ਦੀ ਵਰਤੋਂ ਕਰਕੇ ਦਵਾਈ ਦੇਣੀ:
## *ਕਦਮ-ਦਰ-ਕਦਮ ਗਾਈਡ*

caring @home
Symptom management for palliative patients

1. **ਸਬਕੁਟੇਨੀਅਸ ਕੈਨੂਲਾ ਲਗਾਉਣ ਵਾਲੀ ਥਾਂ ਦੀ ਜਾਂਚ ਕਰੋ:** ਸੋਜ, ਨਰਮਾਈ, ਲਾਲੀ ਜਾਂ ਰਸਾਵ ਲਈ ਅਤੇ ਇਹ ਵੇਖੋ ਕਿ ਕੀ ਕੈਨੂਲਾ ਦੀ ਸਥਿੱਤੀ ਵਿੱਚ ਕੋਈ ਤਬਦੀਲੀ ਹੋਈ ਹਾਂ ਜਾਂ ਨਹੀਂ। ਜੇਕਰ ਇਸ ਵਿਚੋਂ ਕੋਈ ਵੀ ਹੋਵੇ, ਤਾਂ ਅੱਗੇ ਵੱਧਣ ਤੋਂ ਪਹਿਲਾਂ ਸਲਾਹ ਲਈ ਆਪਣੀ ਨਰਸ ਨਾਲ ਸੰਪਰਕ ਕਰੋ।

2. **ਆਪਣੇ ਹੱਥ ਸਾਬਣ ਅਤੇ ਪਾਣੀ ਨਾਲ ਧੋਵੋ ਅਤੇ ਇਨ੍ਹਾਂ ਨੂੰ ਚੰਗੀ ਤਰ੍ਹਾਂ ਸੁਕਾਓ**



3. **ਸਰਿੰਜ ਤੇ ਲਿੱਖਿਆ ਲੇਬਲ ਪੜ੍ਹੋ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਸੀਂ ਅਚਾਨਕ ਸਾਮ੍ਹਣੇ ਆਉਣ ਵਾਲੇ ਲੱਛਣ ਦਾ ਇਲਾਜ ਕਰਨ ਲਈ ਪ੍ਰਿਸਕ੍ਰਾਇਬ ਕੀਤੀ ਸਹੀ ਦਵਾਈ ਦੀ ਚੋਣ ਕੀਤੀ ਹੈ**




4. **ਹੇਠਾਂ ਦਿੱਤੀਆਂ ਚੀਜ਼ਾਂ ਨੂੰ ਇੱਕ ਸਾਫ ਡੱਬੇ ਵਿੱਚ ਪਾਓ:**
   – ਲੇਬਲ ਕੀਤਾ(ਤੇ) ਸਰਿੰਜ ਜੋ ਦਵਾਈ ਨਾਲ ਭਰੀ ਹੋਵੇ (ਭਰੀਆਂ ਹੋਣ)
   – ਲੇਬਲ ਕੀਤਾ ਫਲੱਸ਼ ਸਰਿੰਜ

   * *ਕੁੱਝ ਸਬਕੁਟੇਨੀਅਸ ਦਵਾਈਆਂ ਦੇਣ ਤੇ ਪਰੇਸ਼ਾਨੀ ਪੈਦਾ ਕਰ ਸਕਦੀਆਂ ਹਨ। ਇਸ ਤੋਂ ਬਚਣ ਵਿੱਚ ਮਦਦ ਦੇਣ ਲਈ, ਸਮੱਗਰੀ ਨੂੰ ਗਰਮ ਕਰਨ ਲਈ ਆਪਣੀ ਹਥੇਲੀਆਂ ਵਿੱਚ ਸਰਿੰਜ ਨੂੰ ਕੁੱਝ ਸੈਕਿੰਡਾਂ ਲਈ ਰੇੜ੍ਹੋ।*




5. **ਸਰਿੰਜ ਤੋਂ ਇਸਦਾ ਢੱਕਣ ਘੁਮਾ ਕੇ ਲਾਹੋ**



6. **ਕੈਨੂਲਾ ਦੀ ਵਾਈ-ਆਰਮ ਫੜੋ ਅਤੇ ਸਰਿੰਜ ਨੂੰ ਸੂਈ-ਰਹਿਤ ਕਨੈਕਟਰ ਦੇ ਕੇਂਦਰੀ ਭਾਗ ਵਿੱਚ ਧੱਕੋ ਅਤੇ ਜਦੋਂ ਤਕ ਸੁਰੱਖਿਅਤ ਨਾ ਹੋ ਜਾਵੇ ਇਸਨੂੰ ਘੁਮਾਓ**

   * *ਵਿਕਲਪ: ਕੁੱਝ ਸੇਵਾਵਾਂ ਇਹ ਬੇਨਤੀ ਕਰਦੀਆਂ ਹਨ ਕਿ ਤੁਸੀਂ ਪਹਿਲਾਂ ਐਲਕੋਹਲ ਵਾਲੇ ਵਾਈਪ ਨਾਲ ਸੂਈ-ਰਹਿਤ ਕਨੈਕਟਰ ਦੇ ਅੰਤਿਮ ਸਿਰੇ ਨੂੰ ਸਾਫ ਕਰੋ।*



**7.** ਸਰਿੰਜ ਪਲੰਜ਼ਰ ਨੂੰ ਹੌਲੇ-ਹੌਲੇ ਧੱਕਾ ਮਾਰੋ ਜਦੋਂ ਤਕ ਕਿ ਸਾਰੀ ਦਵਾਈ ਦਿੱਤੀ ਨਾ ਜਾਵੇ



**8.** ਸਬਕੁਟੇਨੀਅਸ ਕੈਨੁਲਾ ਦੀ ਵਾਈ-ਆਰਮ ਫੜੋ ਅਤੇ ਇਸਨੂੰ ਹਟਾਉਣ ਲਈ ਸਰਿੰਜ ਨੂੰ ਘੁਮਾਓ



**9.** ਖਾਲੀ ਸਰਿੰਜ ਦਾ ਸੁਰੱਖਿਅਤ ਤਰੀਕੇ ਨਾਲ ਨਿਪਟਾਰਾ ਕਰੋ

**10.** ਹਰ ਦਿੱਤੀ ਜਾਣ ਵਾਲੀ ਦਵਾਈ ਲਈ ਕਦਮ 5–9 ਦੋਹਰਾਓ

**11.** ਸੋਡੀਅਮ ਕਲੋਰਾਈਡ 0.9% (ਫਲੱਸ਼ ਸਰਿੰਜ) ਦੇ 0.5mL ਦੀ ਵਰਤੋਂ ਕਰਕੇ ਕਦਮ 5–9 ਦੋਹਰਾਓ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਬਕੁਟੇਨੀਅਸ ਕੈਨੁਲਾ ਵਿੱਚ ਬਾਕੀ ਬਚੀ ਸਾਰੀ ਦਵਾਈ ਵਿਅਕਤੀ ਨੂੰ ਦੇ ਦਿੱਤੀ ਗਈ ਹੈ

**12.** ਸੂਈ ਲਗਾਉਣ ਦੀ ਥਾਂ ਦੀ ਮੁੜ ਜਾਂਚ ਕਰੋ: ਸੋਜ, ਨਰਮਾਈ, ਲਾਲੀ ਜਾਂ ਰਸਾਵ ਲਈ ਅਤੇ ਜੇਕਰ ਤੁਸੀਂ ਕੋਈ ਤਬਦੀਲੀ ਦੇਖਦੇ ਹੋ ਤਾਂ ਆਪਣੀ ਨਰਸ ਨੂੰ ਦੱਸੋ

*ਦਵਾਈ ਦਿੱਤੇ ਜਾਣ ਬਾਅਦ ਇਸਨੂੰ ਦਿੱਤੇ ਜਾਣ ਦੀ ਥਾਂ ਉੱਤੇ ਇੱਕ ਛੋਟੀ ਸੋਜ ਹੋਣੀ ਆਮ ਹੈ। ਜਿਵੇਂ-ਜਿਵੇਂ ਦਵਾਈ ਖੂਨ ਦੇ ਪ੍ਰਵਾਹ ਵਿੱਚ ਸੋਖ ਲਈ ਜਾਵੇਗੀ, ਇਹ ਸੋਜ ਗਾਇਬ ਹੋ ਜਾਵੇਗੀ।*

**13.** ਆਪਣੇ ਹੱਥ ਸਾਬਣ ਅਤੇ ਪਾਣੀ ਨਾਲ ਧੋਵੋ ਅਤੇ ਕੰਮ ਕਰਨ ਦੀ ਸਤਹ ਸਾਫ ਕਰੋ

**14.** ਦਵਾਈਆਂ ਦੀ ਡਾਇਰੀ ਭਰੋ




**15.** ਕਰੀਬ 20 ਮਿੰਟ ਬਾਅਦ ਵਿਅਕਤੀ ਦੀ ਜਾਂਚ ਕਰੋ ਅਤੇ ਦਵਾਈਆਂ ਦੀ ਡਾਇਰੀ ਵਿੱਚ ਲੱਛਣ ਦਾ ਨਵਾਂ ਦਰਜਾ ਲਿੱਖੋ

**ਜੇਕਰ ਤੁਹਾਨੂੰ ਪੱਕਾ ਪਤਾ ਨਹੀਂ ਹੈ ਜਾਂ ਤੁਸੀਂ ਚਿੰਤਿਤ ਹੋ, ਤਾਂ ਵਧੇਰੀ ਸਲਾਹ ਲਈ ਆਪਣੀ ਨਰਸ ਜਾਂ ਡਾ ਕਟਰ/ਨਰਸ ਪੇਸ਼ੇਵਰ ਨਾਲ ਸੰਪਰਕ ਕਰੋ**



*caring@home* ਨੂੰ ਆਸਟ੍ਰੇਲੀਆਈ ਸਰਕਾਰ ਵਲੋਂ ਫੰਡ ਪ੍ਰਾਪਤ ਹੈ ਅਤੇ ਇਸਦੀ ਅਗਵਾਈ Brisbane South Palliative Care Collaborative ਦੁਆਰਾ ਕੀਤੀ ਗਈ ਹੈ।

# Giving medicine using a subcutaneous cannula: *A step-by-step guide*

caring @home

Symptom management for palliative patients

1. **Check the subcutaneous cannula insertion site for:** Swelling, tenderness, redness or leakage and any changes in the cannula position. If any of these are present, contact your nurse for advice before continuing.

2. **Wash your hands with soap and water and dry them well**



3. **Read the label on the syringe to make sure that you have selected the right medicine, as prescribed, for the breakthrough symptom to be treated**




4. **Place the following items into a clean container:**
   – The labelled syringe(s) filled with medicine
   – The labelled flush syringe

*Some subcutaneous medicines can cause discomfort when being given. To help avoid this, roll the syringe between your palms for a couple of seconds to warm the contents.*



5. **Twist the cap off the syringe**



6. **Hold the Y-arm of the cannula and push the syringe into the centre of the needle-free connector and twist until secure**

*Optional: Some services request that you first swab the end of the needle-free connector with an alcohol wipe.*



**7. Slowly push the syringe plunger in until all the medicine has been given**



**8. Hold the Y-arm of the subcutaneous cannula and twist the syringe to remove it**



**9. Dispose of the empty syringe safely**

**10. Repeat steps 5–9 for each medicine to be given**

**11. Repeat steps 5-9 using 0.5mL of sodium chloride 0.9% (the flush syringe) to make sure all the medicine remaining in the subcutaneous cannula has been given to the person**

**12. Re-check the insertion site for:** Swelling, tenderness, redness or leakage and inform your nurse if you notice changes

*It is normal for medicine to form a small lump at the insertion site immediately after giving it. The lump will disappear as the medicine is absorbed into the bloodstream.*

**13. Wash your hands with soap and water and clean up the work surface**

**14. Fill out the medicines diary**




**15. Check the person about 20 minutes later and put the new symptom rating in the medicines diary**

**If you are unsure or concerned, contact your nurse or doctor/nurse practitioner for further advice.**


*caring@home* is funded by the Australian Government and led by Brisbane South Palliative Care Collaborative.